**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
3. ਕਲਸਟਰ ਹੈੱਡ ਟੀਚਰ

(ਵੈੱਬ ਸਾਈਟ ਰਾਹੀਂ)
ਮੀਮੋ ਨੰ ਸਸਅ/ਐਚਆਰ/ 26539
ਮਿਤੀ ਚੰਡੀਗੜ੍ਹ 23 ਫਰਵਰੀ, 2010

**ਵਿਸ਼ਾ ਸਿੱਖਿਆ ਕਰਮੀਆਂ ਨੂੰ ਮਾਨ ਭੱਤਾ ਸਮੇਂ ਸਿਰ ਅਦਾ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੇਂ ਸਮੇਂ ਸਿਰ ਇਹ ਧਿਆਨ ਵਿੱਚ ਆਇਆ ਹੈ ਕਿ ਬਲਾਕ ਰਿਸੋਰਸ ਪਰਸਨਜ ਦੀ ਥਾਂ ਤੇ ਨਿਯੁਕਤ ਕੀਤੇ ਸਿੱਖਿਆ ਕਰਮੀਆਂ ਨੂੰ ਮਾਨ ਭੱਤਾ ਸਮੇਂ ਸਿਰ ਨਹੀਂ ਦਿੱਤਾ ਜਾਂਦਾ ਜਦੋਂ ਕਿ ਮੁੱਖ ਦਫਤਰ ਵੱਲੋਂ ਇਨ੍ਹਾਂ ਨੂੰ ਦਿੱਤੇ ਜਾਣ ਵਾਲੇ ਮਾਨ ਭੱਤੇ ਲਈ ਫੰਡ ਸਮੇਂ ਸਿਰ ਮੁਹੱਈਆ ਕਰਵਾਏ ਜਾਂਦੇ ਹਨ।ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਕਈ ਵਾਰੀ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀਆਂ ਪਾਸ ਫੰਡ ਮੌਜੂਦ ਹੋਣ ਦੇ ਬਾਵਜੂਦ ਸਿੱਖਿਆ ਕਰਮੀਆਂ ਨੂੰ ਅਦਾਇਗੀ ਨਹੀਂ ਕੀਤੀ ਜਾਂਦੀ ।

3.0 ਇਸ ਸਾਰੇ ਮਾਮਲੇ ਨੂੰ ਚੰਗੀ ਤਰ੍ਹਾਂ ਵਿਚਾਰਨ ਉਪਰੰਤ ਆਪ ਜੀ ਨੂੰ ਹਦਾਇਤਾ ਕੀਤੀਆਂ ਜਾਂਦੀਆਂ ਹਨ ਕਿ ਕਿਸੇ ਵੀ ਸੂਰਤ ਵਿੱਚ ਸਿੱਖਿਆ ਕਰਮੀ ਨੂੰ ਦਿੱਤੇ ਜਾਣ ਵਾਲੇ ਮਾਨ ਭੱਤੇ ਦੀ ਅਦਾਇਗੀ ਮਹੀਨੇ ਦੇ ਅਖੀਰਲੇ ਦਿਨ ਕਰ ਦਿੱਤੀ ਜਾਵੇ।ਇਸ ਦੀ ਜਿੰਮੇਵਾਰੀ ਮੈਂਬਰ ਸਕੱਤਰ / ਚੇਅਰਮੈਨ ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਹੋਵੇਗੀ।ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ / ਕਲਸਟਰ ਹੈੱਡ ਟੀਚਰ ਆਪਣੇ ਆਪਣੇ ਦਾਇਰੇ ਵਿੱਚ ਪੈਂਦੇ ਸਕੂਲਾਂ ਲਈ ਜਿੰਮੇਵਾਰ ਹੋਣਗੇ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦੇ ਸਾਰੇ ਸਿੱਖਿਆ ਕਰਮੀਆਂ ਲਈ ਜਿੰਮੇਵਾਰ ਹੋਵੇਗਾ।ਇਸ ਦੇ ਨਾਲ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਸਿੱਖਿਆ ਕਰਮੀ ਗੈਰ-ਹਾਜਰ ਹੋਵੇ ਜਾਂ ਉਸ ਦਾ ਕੰਮ ਠੀਕ ਨਾ ਹੋਵੇ ਤਾਂ ਉਸ ਦਾ ਕੇਸ ਉੱਚ ਅਧਿਕਾਰੀਆਂ ਨੂੰ ਭੇਜਿਆ ਜਾਵੇ ਅਤੇ ਅਜਿਹੇ ਸਿੱਖਿਆ ਕਰਮੀ ਨੂੰ ਅਦਾਇਗੀ ਨਾ ਕੀਤੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**